# ਮਾਪਿਆਂ ਲਈ ਗਾਈਡ (ਮਾਰਗਦਰਸ਼ਨ) (parent's guide)

## ਆਂਕਲਨ (ਅਸੈਸਮੈਂਟ) ਅਤੇ ਰਿਪੋਰਟਿੰਗ (Assesssment and Reporting)



ਪਰਿਵਾਰਾਂ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਉਨ੍ਹਾਂ ਦਾ ਬੱਚਾ (ਬੱਚੇ) ਸਕੂਲ ਵਿਚ ਕਿਸ ਤਰ੍ਹਾਂ ਕਰ ਰਹੇ ਹਨ। ਕੈਲਗਰੀ ਬੋਰਡ ਔਫ ਐਜੂਕੇਸ਼ਨ ਵਿਚ ਸਿੱਖਣ ਅਤੇ ਆਂਕਲਨ ਦਾ ਆਪਸੀ ਰਿਸ਼ਤਾ ਹੈ। ਵਿਦਿਆਰਥੀ ਆਂਕਲਨ ਤੋਂ ਮਿਲੇ ਫੀਡਬੈਕ (ਪਰਤੀ ਸੂਚਨਾ) ਨਾਲ ਉਨ੍ਹਾਂ ਦੇ ਸਿੱਖਣ ਵਿਚ ਸੁਧਾਰ ਹੁੰਦਾ ਹੈ। ਵਿਦਿਆਰਥੀ ਦੀ ਪ੍ਰਗਤੀ ਬਾਰੇ ਜਾਣਕਾਰੀ ਲਈ ਅਧਿਆਪਕ ਹਦਾਇਤਾਂ ਅਤੇ ਆਂਕਲਨ ਦਾ ਇਸਤੇਮਾਲ ਕਰਦੇ ਹਨ। ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਜਾਣਨ ਦੀ ਲੋੜ ਹੁੰਦੀ ਹੈ ਕਿ ਵਿਦਿਆਰਥੀ ਦਾ ਪੂਰਵ ਗਿਆਨ ਕਿੰਨਾ ਹੈ, ਉਹ ਗਿਆਨ ਕਿਵੇਂ ਪ੍ਰਾਪਤ ਕੀਤਾ ਹੈ, ਉਹ ਇਸ ਨੂੰ ਕਿਵੇਂ ਦਰਸਾਉਂਦੇ ਹਨ, ਅਤੇ ਉਨ੍ਹਾਂ ਨੂੰ ਅੱਗੇ ਕੀ ਸਿੱਖਣ ਦੀ ਲੋੜ ਹੈ।

## ਆਂਕਲਨ (Assessment)



### ਰਚਨਾਤਮਕ ਆਂਕਲਨ (Formative Assessment)

ਵਿਦਿਆਰਥੀਆਂ ਨੂੰ ਇਹ ਜਾਣਨ ਲਈ ਫੀਡਬੈਕ ਮਿਲਦਾ ਹੈ ਕਿ ਉਹ ਕਿਸ ਤਰ੍ਹਾਂ ਕਰ ਰਹੇ ਹਨ ਅਤੇ ਉਹ ਕਿਵੇਂ ਸੁਧਾਰ ਕਰ ਸਕਦੇ ਹਨ। ਇਸ ਲਗਾਤਾਰ ਫੀਡਬੈਕ ਦੁਆਰਾ, ਇਹ ਪਤਾ ਕਰਨ ਲਈ ਕਿ ਅੱਗੇ ਕੀ ਕੀਤਾ ਜਾਣਾ ਚਾਹੀਦਾ ਹੈ, ਵਿਦਿਆਰਥੀ ਅਤੇ ਅਧਿਆਪਕ ਸਿਖਲਾਈ ਦੀ ਪੜਤਾਲ ਕਰ ਸਕਦੇ ਹਨ।

### ਯੋਗਾਤਮਕ ਆਂਕਲਨ (Summative Assessment)

ਇਕ ਖਾਸ ਸਮੇਂ 'ਤੇ, ਇਕ ਵਿਦਿਆਰਥੀ ਦੀ ਪ੍ਰਾਪਤੀ ਅਤੇ ਐਲਬਰਟਾ ਐਜੂਕੇਸ਼ਨ ਪ੍ਰੋਗਰਾਮ ਔਫ ਸਟੱਡੀ ਦੇ ਸਿੱਖਿਆ ਨਤੀਜਿਆਂ ਦੀ ਆਪਸੀ ਤੁਲਨਾ ਨੂੰ ਯੋਗਾਤਮਕ ਆਂਕਲਨ ਕਿਹਾ ਜਾਂਦਾ ਹੈ। ਸੀ.ਬੀ.ਈ. ਰਿਪੋਰਟ ਕਾਰਡ ਦੇ ਨਤੀਜਿਆਂ ਦੇ ਮੁਕਾਬਲੇ ਵਿਦਿਆਰਥੀ ਦੀ ਪ੍ਰਾਪਤੀ ਦਾ ਆਂਕਲਨ ਕਰਦੇ ਸਮੇਂ, ਅਧਿਆਪਕ ਦੇ ਸੂਝਵਾਨ ਫੈਸਲੇ ਦੇ ਨਾਲ ਨਾਲ ਬਹੁਤ ਸਾਰੇ ਯੋਗਾਤਮਕ ਆਂਕਲਨਾਂ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ।

### ਰਚਨਾਤਮਕ ਆਂਕਲਨ ਅਤੇ ਯੋਗਾਤਮਕ ਆਂਕਲਨ ਵਿਚ ਕੀ ਸਬੰਧ ਹੈ? (What is the link between formative and summative Assessment?)

ਰਚਨਾਤਮਕ ਅਤੇ ਯੋਗਾਤਮਕ ਆਂਕਲਨ ਦੁਆਰਾ ਵਿਦਿਆਰਥੀ ਦੀ ਉੱਨਤੀ ਅਤੇ ਪ੍ਰਾਪਤੀ ਨੂੰ ਉਜਾਗਰ ਕੀਤਾ ਜਾਂਦਾ ਹੈ। ਸਿੱਖਿਆ ਦੇ ਟੀਚੇ ਪ੍ਰਪਤ ਕਰਨ ਲਈ ਰਚਨਾਤਮਕ ਆਂਕਲਨ ਦੀ ਮਦਦ ਨਾਲ ਵਿਦਿਆਰਥੀ ਨੂੰ ਕਾਰਵਾਈ ਕਰਨ ਅਤੇ ਸੁਧਾਰ ਕਰਨ ਲਈ ਲਗਾਤਾਰ ਫੀਡਬੈਕ ਦਿੱਤਾ ਜਾਂਦਾ ਹੈ। ਯੋਗਾਤਮਕ ਆਂਕਲਨ ਇਕ ਖਾਸ ਸਮੇ 'ਤੇ ਇਕ ਗਰੇਡ ਅਤੇ/ਜਾਂ ਮੁਲਾਂਕਨ ਆਦਿ ਦੇ ਰੂਪ ਵਿਚ ਹੁੰਦਾ ਹੈ ਜਿਵੇਂ ਕਿ ਇਕ ਸਿੱਖਿਆ ਇਕਾਈ ਦੀ ਸਮਾਪਤੀ।

## ਰਿਪੋਰਟਿੰਗ (Reporting)

ਐਜੂਕੇਸ਼ਨ ਪ੍ਰੋਗਰਾਮ ਔਫ ਸਟੱਡੀ ਦੇ ਸਿੱਖਿਆ ਨਤੀਜਿਆਂ ਦੇ ਅਨੁਸਾਰ ਵਿਦਿਆਰਥੀ ਪ੍ਰਾਪਤੀਆਂ ਨੂੰ ਵਿਦਿਆਰਥੀਆਂ, ਪਰਿਵਾਰਾਂ, ਸੀ.ਬੀ.ਈ. ਅਤੇ ਪਰੋਵਿੰਸ ਨੂੰ ਦੱਸਣ ਲਈ ਰਿਪੋਰਟ ਕਾਰਡ ਦੀ ਵਰਤੋਂ ਕੀਤੀ ਜਾਂਦੀ ਹੈ। ਰਿਪੋਰਟ ਕਾਰਡ ਵਿਚ ਅਧਿਆਪਕ ਨੇ ਇਕ ਟਰਮ (ਸਾਲ) ਜਾਂ ਸਮੈਸਟਰ (ਛਿਮਾਹੀ) ਦੌਰਾਨ ਸਿੱਖਿਆ ਪ੍ਰਾਪਤੀ ਦਾ ਸੰਖੇਪ ਦੱਸਣਾ ਹੁੰਦਾ ਹੈ। ਕਿੰਡਰਗਾਰਟਨ ਤੋਂ ਨੌਵੀਂ ਦੇ ਵਿਦਿਆਰਥੀਆਂ ਨੂੰ ਰਸਮੀ ਤੌਰ 'ਤੇ ਸਾਲ ਵਿਚ ਦੋ ਵਾਰ ਰਿਪੋਰਟ ਕਾਰਡ ਮਿਲਦੇ ਹਨ।

Calgary Board of Education

ਗਰੇਡ 10 ਤੋਂ 12 ਦੇ ਵਿਦਿਆਰਥੀਆਂ ਨੂੰ ਰਸਮੀ ਤੌਰ ‘ਤੇ **ਹਰ ਮਜ਼ਮੂਨ ਲਈ** ਦੋ ਵਾਰ ਰਿਪੋਰਟ ਕਾਰਡ ਮਿਲਦੇ ਹਨ

ਸਕੂਲੀ ਸਾਲ ਦੇ ਦੌਰਾਨ ਗੈਰ-ਰਸਮੀ ਤੌਰ ’ਤੇ ਵੱਖ ਵੱਖ ਤਰੀਕਿਆਂ ਨਾਲ ਸਮੇਂ ਸਮੇਂ ‘ਤੇ ਵਿਦਿਆਰਥੀ ਦੀ ਪ੍ਰਗਤੀ ਬਾਰੇ ਦੱਸਿਆ ਜਾਂਦਾ ਹੈ।




## ਕੇ-9 ਵਿਚ ਰਿਪੋਰਟਿੰਗ (Reporting in K-9)

### ਨਤੀਜੇ ਕੀ ਹੁੰਦੇ ਹਨ?

ਨਤੀਜੇ ਇਹ ਦਰਸਾਉਂਦੇ ਹਨ ਕਿ ਐਲਬਰਟਾ ਐਜੂਕੇਸ਼ਨ ਪ੍ਰੋਗਰਾਮ ਔਫ ਸਟੱਡੀ ਅਨੁਸਾਰ ਤੁਹਾਡੇ ਬੱਚੇ ਨੂੰ ਕੀ ਗਿਆਨ  ਹੈ ਅਤੇ ਉਹ ਕੀ ਕਰਨ ਦੇ ਕਾਬਲ ਹੋਣਾ ਚਾਹੀਦਾ ਹੈ। ਜਦੋਂ ਸਿੱਖਿਆ ਨਤੀਜਿਆਂ ਦੁਆਰਾ ਮਿੱਥੇ ਉਦੇਸ਼ ਨਾਲ ਸ਼ੁਰੂ ਹੁੰਦੀ ਹੈ ਤਾਂ ਵਿਦਿਆਰਥੀਆਂ ਨੂੰ ਪਤਾ ਹੁੰਦਾ ਹੈ ਕਿ ਉਹ ਕੀ ਸਿੱਖ ਰਹੇ ਹਨ ਅਤੇ ਕਿਉਂ ਸਿੱਖ ਰਹੇ ਹਨ। ਅਧਿਆਪਕ ਸਿੱਖਿਆ ਲਈ ਕਾਰਜਾਂ ਦੀ ਸਿਰਜਣਾ ਕਰ ਸਕਦੇ ਹਨ ਅਤੇ ਵਿਦਿਆਰਥੀਆਂ ਨੂੰ ਸੁਧਾਰ ਕਰਨ ਲਈ ਖਾਸ ਫੀਡਬੈਕ ਪ੍ਰਦਾਨ ਕਰ ਸਕਦੇ ਹਨ।



ਇਕ ਕੋਰਸ ਲਈ ਸਮੁੱਚੇ ਤੌਰ ‘ਤੇ ਇਕ ਗਰੇਡ ਹਾਸਲ ਕਰਨ ਦੀ ਬਜਾਏ ਵਿਦਿਆਰਥੀਆਂ ਨੂੰ ਕੋਰਸ ਦੇ ਨਤੀਜਿਆਂ ਸਬੰਧੀ ਰਿਪੋਰਟ ਕਾਰਡ ਵਿਚ ਸੰਕੇਤਕ ਅੰਕ ਦਿੱਤੇ ਜਾਂਦੇ ਹਨ। ਇਹ ਵਿਦਿਆਰਥੀ ਦੀਆਂ ਚੰਗੀਆਂ ਗੱਲਾਂ ਅਤੇ ਸੁਧਾਰ ਕਰਨ ਸਬੰਧੀ ਖੇਤਰਾਂ ਬਾਰੇ ਵਿਦਿਆਰਥੀਆਂ ਅਤੇ ਪਰਿਵਾਰਾਂ ਨੂੰ ਵਧੇਰੇ ਜਾਣਕਾਰੀ ਦਿੰਦੇ ਹਨ।

### ਪ੍ਰਾਪਤੀਆਂ ਸਬੰਧੀ ਅੰਕ (ਅਚੀਵਮੈਂਟ ਇੰਡੀਕੇਟਰਜ਼) ਕੀ ਹੁੰਦੇ ਹਨ?

ਹਰ ਇਕ ਕੋਰਸ ਲਈ, ਕਿੰਡਰਗਾਰਟਨ ਤੋਂ 9 ਤੱਕ ਦੇ ਰਿਪੋਰਟ ਕਾਰਡ, ਵਿਦਿਆਰਥੀਆਂ ਨੂੰ 1(ਗੇਰਡ ਦਾ ਦਰਜਾ ਨਾ ਹਾਸਲ ਕਰਨਾ) ਤੋਂ 4 (ਬਹੁਤ ਵਧੀਆ) ਪ੍ਰਗਤੀ ਸੰਕੇਤਕ ਅੰਕ (ਅਚੀਵਮੈਂਟ ਇੰਡੀਕੇਟਰਜ਼) ਮਿਲਦੇ ਹਨ। ਐਲਬਰਟਾ ਐਜੂਕੇਸ਼ਨ ਪ੍ਰੋਗਰਾਮ ਔਫ ਸਟੱਡੀ ਅਨੁਸਾਰ, ਇਹ ਸੰਕੇਤਕ ਅੰਕ ਸਿੱਖਿਆ ਨਤੀਜਿਆਂ ਨੂੰ ਸੰਖੇਪ ਵਿਚ ਦੱਸਦੇ ਹਨ।

ਪਰਿਵਾਰਾਂ ਨੂੰ ਵਿਦਿਆਰਥੀ ਦੀ ਸਿੱਖਿਆ ਸਬੰਧੀ ਪ੍ਰਸ਼ਨਾਂ ਲਈ ਹਮੇਸ਼ਾ ਉਨ੍ਹਾਂ ਦੇ ਸਕੂਲ ਨਾਲ ਸੰਪਰਕ ਕਰਨ ਲਈ ਪ੍ਰਤੋਸਾਹਿਤ ਕੀਤਾ ਜਾਂਦਾ ਹੈ।ਤੁਹਾਡੇ ਬੱਚੇ ਦੀ ਉੱਨਤੀ ਅਤੇ ਪ੍ਰਾਪਤੀਆਂ ਸਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਸਭ ਤੋਂ ਵਧੀਆ ਸਰੋਤ ਤੁਹਾਡਾ ਬੱਚਾ, ਤੁਹਾਡੇ ਬੱਚੇ ਦਾ ਅਧਿਆਪਕ ਅਤੇ ਸਕੂਲ ਪ੍ਰਬੰਧਕ ਹੁੰਦੇ ਹਨ।

### ਤੁਸੀਂ ਆਪਣੇ ਬੱਚੇ ਨੂੰ ਉਸਦੀ ਸਕੂਲ ਵਿਚ ਕਾਰਗੁਜ਼ਾਰੀ ਸਬੰਧੀ ਹੇਠਾਂ ਦਿੱਤੇ ਸਵਾਲ ਪੁੱਛ ਸਕਦੇ ਹੋ:

- ਕੱਲ੍ਹ ਨੂੰ ਸਕੂਲ ਵਿਚ ਕੀ ਕਰਨ ਲਈ ਤੁਸੀਂ ਉਤਸਾਹਿਤ ਹੋ?
- ਅੱਜ ਸਕੂਲ ਵਿਚ ਤੁਸੀਂ ਸਭ ਤੋਂ ਔਖਾ ਕਿਹੜਾ ਕੰਮ ਕੀਤਾ? ਤੁਹਾਡੇ ਲਈ ਸਭ ਤੋਂ ਸੁਖਾਲਾ ਕੰਮ ਕੀ ਸੀ? ਤੁਹਾਨੂੰ ਕੀ ਕਰਨ ਵਿਚ ਅਨੰਦ ਆਇਆ?
- ਪਿਛਲੇ ਹਫਤੇ/ਮਹੀਨੇ ਆਦਿ ਦੌਰਾਨ ਤੁਹਾਡੇ ਅਨੁਸਾਰ, ਤੁਸੀਂ ਕਿਸ ਖੇਤਰ ਵਿਚ ਸੁਧਾਰ ਕੀਤਾ ਹੈ?
- ਤੁਸੀਂ ਕਿਸ ਚੀਜ਼ ਵਿਚ ਹੋਰ ਸੁਧਾਰ ਕਰਨਾ ਚਾਹੋਗੇ? ਤੁਹਾਡੀ ਇਹ ਸੁਧਾਰ ਕਰਨ ਲਈ ਕੀ ਯੋਜਨਾ ਹੈ?

Calgary Board of Education

cbe.ab.ca

**ਤੁਹਾਡਾ ਬੱਚਾ ਸਕੂਲ ਵਿਚ ਕਿਸ ਤਰ੍ਹਾਂ ਕਰ ਰਿਹਾ ਹੈ, ਇਹ ਪਤਾ ਕਰਨ ਲਈ ਤੁਹਾਡੇ ਬੱਚੇ ਦੇ ਅਧਿਆਪਕ ਅਤੇ ਸਕੂਲ ਪ੍ਰਬੰਧਕਾਂ ਤੋਂ ਤੁਸੀਂ ਇਹ ਸਵਾਲ ਪੁੱਛ ਸਕਦੇ ਹੋ?**

- ਮੇਰਾ ਬੱਚਾ ਕਲਾਸ ਵਿਚ ਕਿਵੇਂ ਕਰ ਰਿਹਾ ਹੈ?
- ਤੁਸੀਂ ਮੇਰੇ ਬੱਚੇ ਵਿਚ ਕੀ ਚੰਗੀਆਂ ਗੱਲਾਂ ਵੇਖਦੇ ਹੋ?
- ਮੇਰਾ ਬੱਚਾ ਕਿਸ ਖੇਤਰ ਵਿਚ ਸੁਧਾਰ ਕਰ ਸਕਦਾ ਹੈ?
- ਬੱਚੇ ਦੀ ਪੜ੍ਹਾਈ ਵਿਚ ਮਦਦ ਕਰਨ ਲਈ ਅਸੀਂ ਘਰ ਵਿਚ ਉਸ ਦੀ ਕਿਵੇਂ ਮਦਦ ਕਰ ਸਕਦੇ ਹਾਂ?



## ਗਰਾਫਿਕ ਵਿਚੋਂ

ਵਿਦਿਆਰਥੀ ਦੀ ਪ੍ਰਾਪਤੀ ਸਬੰਧੀ ਜਾਣਕਾਰੀ ਹਾਸਲ ਕਰਨ ਲਈ ਕਈ ਕਿਸਮ ਦੇ ਨਤੀਜਿਆਂ ਦਾ ਲਗਾਤਾਰ ਆਂਕਲਨ ਕੀਤਾ ਜਾਂਦਾ ਹੈ। ਜਦੋਂ ਵਿਦਿਆਰਥੀਆਂ ਨੂੰ ਇਨ੍ਹਾਂ ਨਤੀਜਿਆਂ ਬਾਰੇ ਪਤਾ ਹੁੰਦਾ ਹੈ ਤਾਂ ਉਹ ਜਾਣਦੇ ਹਨ ਕਿ ਉਹ ਕੀ ਸਿੱਖ ਰਹੇ ਹਨ ਅਤੇ ਉਹ ਇਹ ਕਿਉਂ ਸਿੱਖ ਰਹੇ ਹਨ?



ਸੀ.ਬੀ.ਈ. ਦੇ ਰਿਪੋਰਟ ਕਾਰਡ ਦੇ ਨਤੀਜਿਆਂ ਨਾਲ ਵਿਦਿਆਰਥੀ ਦੀਆਂ ਪ੍ਰਾਪਤੀਆਂ ਦਾ ਮੁਲਾਂਕਾਨ ਕਰਦੇ ਸਮੇਂ, ਅਧਿਆਪਕ ਦੀ ਪੇਸ਼ਾਵਰ ਸਿਆਣਪ ਦੇ ਨਾਲ ਨਾਲ ਬਹੁਤ ਸਾਰੇ ਆਂਕਲਨਾਂ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ।

## ਪੜ੍ਹਾਈ ਅਤੇ ਆਂਕਲਨ ਪ੍ਰਕਿਰਿਆ

ਵਿਦਿਆਰਥੀਆਂ ਨੂੰ ਕੀ ਸਿੱਖਣ ਦੀ ਲੋੜ ਹੈ?
ਵਿਦਿਆਰਥੀਆਂ ਦਾ ਪੂਰਵ ਗਿਆਨ ਕੀ ਹੈ?
ਜੋ ਕੁਝ ਉਨ੍ਹਾਂ ਨੂੰ ਸਿੱਖਣ ਦੀ ਲੋੜ ਹੈ, ਉਹ ਉਹ ਕਿਵੇਂ ਸਿੱਖਣਗੇ?
ਕੀ ਉਹ ਇਹ ਜਾਣਦੇ ਹਨ?
ਨਤੀਜਾ

## ਆਂਕਲਨ ਦੀ ਉਦਾਹਰਣ

3 ਨੂੰ 4 ਨਾਲ ਤੁਸੀਂ ਕਿਵੇਂ ਗੁਣ੍ਹਾਂ ਕਰਦੇ ਹੋ?
ਵਿਦਿਆਰਥੀ ਚਾਰ ਬਲਾਕਾਂ ਦੇ ਤਿੰਨ ਗਰੁੱਪ ਬਣਾ ਕੇ 3 ਨਾਲ 4 ਨੂੰ ਗੁਣ੍ਹਾਂ ਕਰਨਾ ਦਿਖਾਉਂਦਾ ਹੈ;
ਵਿਦਿਆਰਥੀ ਨਵੇਂ ਤਰੀਕੇ ਸਿੱਖਦਾ ਹੈ ਅਤੇ ਅਧਿਆਪਕ ਅਤੇ ਸਾਥੀਆਂ ਦੇ ਫੀਡਬੈਕ ‘ਤੇ ਕਾਰਵਾਈ ਕਰਦਾ ਹੈ;
ਇਕ ਪਰੀਖਿਆ (ਕਵਿਜ਼) ਦੁਆਰਾ ਵਿਦਿਆਰਥੀ ਸਮਝਣ ਦਾ ਪਰਦਰਸ਼ਨ ਕਰਦਾ ਹੈ।
5 ਨਾਲ 5 ਨੂੰ ਗੁਣ੍ਹਾਂ ਕਰਨ ਸਬੰਧੀ ਤੱਥਾਂ ਨੂੰ ਸਮਝਦਾ ਹੈ ਅਤੇ ਯਾਦ ਕਰਦਾ ਹੈ।

ਹੋਰ ਜਾਨਕਾਰੀ ਲਈ| **cbe.ab.ca** ਤੇ ਜਾਓ ਅਤੇ ਅਨੁਮਾਨ ਅਤੇ ਰਿਪੋਰਟਿੰਗ ਦੇ ਹੇਠਾਂ **“Programs”** (ਪਰੋਗਰਾਮ) ਦੇ ਨਿਰੀਖਣ ਤੇ ਜਾਓ ਅਤੇ ਚੁਣੋ **“Curriculum”** “ਕਰੀਕਯੂਲਮ”| ਬਾਦ ਵਿੱਚ ਚੁਣੋ **“Curriculum and Assessment”** (ਅਨੁਮਾਨ ਅਤੇ ਰੀਪੋਰਟਿੰਗ)

Calgary Board of Education